# ਐਮਬੀਡੀ ਗਰੁੱਪ ਵੱਲੋਂ ਐਮਬੀਡੀ ਨਿਓਪੋਲਿਸ ਲੁਧਿਆਣਾ 'ਚ ਦਿ ਚੌਕਲੇਟ ਬਾਕਸ ਐਂਡ ਲਾਊਂਜ ਸ਼ੁਰੂ ਕਰਨ ਦੀ ਘੋਸ਼ਣਾ

ਖਬਰਵਾਲੇ ਬਿਊਰੋ

29-04-2019 /17:47:39

ਲੁਧਿਆਣਾ:-ਕਈ ਅਵਾਰਡ ਜਿੱਤਣ ਵਾਲੇ ਖਾਦ ਅਤੇ ਡ੍ਰਿੰਕ ਬ੍ਰਾਂਡ - ਦਿ ਚੌਕਲੇਟ ਬਾਕਸ ਐਂਡ ਲਾਉਂਜ ਨੇ ਲੁਧਿਆਣਾ ਦੇ ਪ੍ਰਮੁੱਖ ਸ਼ਾਪਿੰਗ ਟਿਕਾਣੇ - ਐਮਬੀਡੀ ਨਿਯੋਪੋਲਿਸ ਦੇ ਨਾਲ ਮੌਲਸ 'ਚ ਆਪਣੀ ਇੰਟਰੀ ਦੀ ਘੋਸ਼ਣਾ ਕੀਤੀ।
ਪਿਛਲੇ 15 ਸਾਲਾਂ ਤੋਂ, ਦਿ ਚੌਕਲੇਟ ਐਂਡ ਲਾਉਂਜ, ਜਿਸਨੂੰ ਅਕਸਰ ਟੀਸੀਬੀ ਕਿਹਾ ਜਾਂਦਾ ਹੈ, ਐਮਬੀਡੀ ਗਰੁੱਪ ਦੇ ਮਾਲਕਾਨਾ ਹੱਕ ਵਾਲੇ ਪੰਜ ਸਿਤਾਰਾ ਹੋਟਲਾਂ 'ਚ ਸੰਚਾਲਨ ਕਰਦਾ ਰਿਹਾ ਹੈ ਅਤੇ ਇਸਨੂੰ ਐਮਬੀਡੀ ਗਰੁੱਪ ਦੇ ਸਭ ਤੋਂ ਨਵੀਨ ਬ੍ਰਾਂਡਾਂ 'ਚੋਂ ਇੱਕ ਮੰਨਿਆ ਜਾਂਦਾ ਹੈ।

ਟੀਸੀਬੀ ਖਾਣ ਪੀਣ ਦੀਆਂ ਆਪਣੀਆਂ ਨਵੀਆਂ ਚੀਜਾਂ, ਅਦਭੁਤ ਚੋਣ, ਅਧੁਨਿਕ ਅਤੇ ਦਿਲਚਸਪ ਪ੍ਰਕ੍ਰਿਤੀ ਦੇ ਆਪਣੇ ਸ਼ਾਨਦਾਰ ਪਾਰੰਪਰਿਕ ਪਕਵਾਨਾਂ ਦੇ ਲਈ ਜਾਣਿਆ ਜਾਂਦਾ ਹੈ। ਅਗਲੇ ਪੰਜ ਸਾਲਾਂ 'ਚ ਤੇਜੀ ਨਾਲ ਵਿਸਥਾਰ ਦੇ ਲਈ ਟੀਸੀਬੀ ਦੀ ਯੋਜਨਾਂ 'ਚ, ਸੰਪੂਰਣ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਅਤੇ ਰਾਜਾਂ ਦੀਆਂ ਰਾਜਧਾਨੀਆਂ 'ਚ ਪ੍ਰੀਮੀਅਮ ਹਾਈਵੇ ਵਾਲੇ ਸਥਾਨਾਂ 'ਤੇ ਅਤੇ ਲਗਜ਼ਰੀ ਮੌਲਸ 'ਚ 100 ਲਾਉਂਜ ਖੋਲ•ਣਾ ਸ਼ਾਮਿਲ ਹੈ।

